# ਦਫਤਰ ਪ੍ਰਿੰਸੀਪਲ, ਗੁਰੂ ਗੋਬਿਦ ਸਿੰਘ ਮੈਡੀਕਲ ਕਾਲਜ, ਫਰੀਦਕੋਟ

ਨੰਬਰ-ਸਕਾਲਰਸ਼ਿਪ/2026/ 19903. ਮਿਤੀ- 8/7/26

## ਨੋਟਿਸ

**ਵਿਸ਼ਾ- ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ ਸਟੂਡੈਂਟਸ ਸਕੀਮ ਸਾਲ 2026-27 ਤੇ ਐਨ.ਐਸ.ਪੀ ਪੋਰਟਲ ਰਾਹੀ ਲਾਗੂ ਕਰਨ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਕਾਲਜ ਦੇ ਸਮੂਹ ਵਿਦਿਆਰਥੀਆਂ ਨੂੰ ਇਸ ਨੋਟਿਸ ਰਾਹੀ ਸੂਚਿਤ ਕੀਤਾ ਜਾਂਦਾ ਹੈ ਕਿ ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ ਸਟੂਡੈਂਟਸ ਸਕੀਮ ਸਾਲ 2026-27 ਤੋਂ National Scholarship Portal (NSP) ਪੋਰਟਲ ਰਾਹੀ ਲਾਗੂ ਕੀਤੀ ਜਾ ਰਹੀ ਹੈ (ਕਾਪੀ ਨੱਥੀ) .

ਸਕੀਮ ਤਹਿਤ ਯੋਗ ਵਿਦਿਆਰਥੀਆਂ ਦੀਆਂ ਐਪਲੀਕੇਸ਼ਨਾਂ ਪ੍ਰਾਪਤ ਕਰਨ ਲਈ ਨੈਸ਼ਨਲ ਸਕਾਲਰਸ਼ਿਪ ਪੋਰਟਲ ਖੋਲਣ ਸਬੰਧੀ ਸਡਿਊਲ ਜਾਰੀ ਕੀਤਾ ਗਿਆ ਹੈ। ਇਸ ਲਈ ਵਿਸ਼ਾ ਅੰਕਿਤ ਸਕੀਮ ਤਹਿਤ ਯੋਗ ਵਿਦਿਆਰਥੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਆਪਣਾ ਫਾਰਮ Activity Schedule 2026-27 ਦੀਆਂ ਮਿਤੀਆਂ ਮੁਤਾਬਿਕ ਮਿਥੇ ਸਮੇਂ ਦੇ ਅੰਦਰ-ਅੰਦਰ ਪੋਰਟਲ ਤੇ ਅਪਲਾਈ ਕਰ ਸਕਦੇ ਹਨ।

ਜੇਕਰ ਕੋਈ ਵਿਦਿਆਰਥੀ ਆਪਣਾ ਫਾਰਮ/ ਫਾਈਲ ਮਿਥੇ ਸਮੇਂ ਦੇ ਅੰਦਰ-ਅੰਦਰ ਦਫਤਰ ਪਾਸ ਜਮ੍ਹਾਂ ਨਹੀਂ ਕਰਵਾਉਂਦਾ ਤਾਂ ਉਸ ਦੀ ਜਿੰਮੇਵਾਰੀ ਵਿਦਿਆਰਥੀ ਦੀ ਖੁਦ ਦੀ ਹੋਵੇਗੀ।

**ਨੋਟ- ਸਾਰੇ ਵਿਦਿਆਰਥੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਆਪਣੇ ਬਿਨੇਕਾਰ ਆਈਡੀ ਰਾਹੀਂ ਆਪਣਾ OTR ਦਰਜ ਕਰਨਾ ਲਾਜ਼ਮੀ ਹੈ। ਸਾਲ 2026-27 ਲਈ ਸਕਾਲਰਸ਼ਿਪ ਲਈ ਸਾਰੇ ਵਿਦਿਆਰਥੀਆਂ ਲਈ OTR ਲਾਜ਼ਮੀ ਹੈ। ਜੇਕਰ ਕੋਈ ਯੋਗ ਵਿਦਿਆਰਥੀ OTR ਅਤੇ Bio Authentication ਨਹੀਂ ਕਰਵਾਉਂਦਾ ਤਾ ਉਸ ਨੂੰ ਨਿਯਮਾਂ ਮੁਤਾਬਿਕ ਅਦਾਇਗੀ ਨਹੀਂ ਹੋਵੇਗੀ। OTR ਅਤੇ Bio Authentication ਕਰਵਾਉਣ ਦੀ ਜਿੰਮੇਵਾਰੀ ਵਿਦਿਆਰਥੀ ਦੀ ਖੁਦ ਹੋਵੇਗੀ।**

ਪ੍ਰਿੰਸੀਪਲ

Nodal Officer
Post Matric Scholarship Scheme

ਨੰਬਰ- ਸਕਾਲਰਸ਼ਿਪ/2025/ 19904-7. ਮਿਤੀ- 8/7/26

ਉਪਰੋਕਤ ਦਾ ਉਤਾਰਾ ਹੇਠ ਲਿਖੇ ਅਨੁਸਾਰ ਸੂਚਨਾਂ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ।

1. ਡਾ ਇੰਚਾਰਜ਼ ਟ੍ਰੇਨਿੰਗ ਸ਼ਾਖਾ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਵਿਦਿਆਰੀਆਂ ਦੇ ਬਨਾਏ ਗਏ ਵੱਟਸਪ ਗਰੁਪਾ ਦੇ ਵਿੱਚ ਵਿਦਿਆਰਥੀਆਂ ਦੀ ਸੂਚਨਾਂ ਦੇ ਲਈ ਭੇਜ ਦਿਤਾ ਜਾਵੇ।
2. ਲੜਕੇ ਅਤੇ ਲੜਕਿਆਂ ਦੇ ਬੁਆਏਜ਼ ਹੋਸਟਲ/ ਗਰਲਜ਼ ਹੋਸਟਲ ਦੇ ਨੋਟਿਸ ਬੋਰਡ ਤੇ ਵਿਦਿਆਰਥੀਆਂ ਦੀ ਸੂਚਨਾਂ ਹਿੱਤ।
3. ਇੰਚਾਰਜ ਕੰਪਿਊਟਰ ਸੈਲ, ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ, ਫਰੀਦਕੋਟ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਕਾਲਜ ਦੀ ਵੈਬ-ਸਾਈਟ ਤੇ ਵਿਦਿਆਰਥੀਆਂ ਦੀ ਸੂਚਨਾਂ ਦੇ ਲਈ ਅਪਲੋਡ ਕਰ ਦਿੱਤਾ ਜਾਵੇ।

ਡਾਇਰਕਟਰਟ

ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ, ਪੰਜਾਬ,

ਐਸ.ਸੀ.ਓ. ਨੰ: 7, ਫੇਜ਼-1, ਐਸ.ਏ.ਐਸ. ਨਗਰ।

1. ਡਾਇਰੈਕਟਰ, ਉਚੇਰੀ ਸਿੱਖਿਆ ਵਿਭਾਗ, ਪੰਜਾਬ, ਐਸ.ਏ.ਐਸ.ਨਗਰ;
2. ਡਾਇਰੈਕਟਰ, ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ, ਪੰਜਾਬ;
3. ਡਾਇਰੈਕਟਰ, ਤਕਨੀਕੀ ਸਿੱਖਿਆ ਵਿਭਾਗ, (ਆਈ.ਟੀ.ਆਈ.ਵਿੰਗ), ਪੰਜਾਬ, ਚੰਡੀਗੜ੍ਹ;
4. ਡਾਇਰੈਕਟਰ, ਤਕਨੀਕੀ ਸਿੱਖਿਆ ਵਿਭਾਗ, (ਇੰਜ. ਅਤੇ ਪੋਲੀ.ਵਿੰਗ), ਪੰਜਾਬ, ਚੰਡੀਗੜ੍ਹ;
5. ਡਾਇਰੈਕਟਰ, ਡੀ.ਪੀ.ਆਈ. (ਸਕੂਲਜ਼), ਐਸ.ਏ.ਐਸ.ਨਗਰ ;
6. ਡਾਇਰੈਕਟਰ, ਐਸ.ਸੀ.ਈ.ਆਰ.ਟੀ., ਐਸ.ਏ.ਐਸ.ਨਗਰ;
7. ਡਾਇਰੈਕਟਰ, ਪਸ਼ੂ ਪਾਲਣ ਵਿਭਾਗ, ਪੰਜਾਬ, ਐਸ.ਏ.ਐਸ.ਨਗਰ;

ਪੱਤਰ ਨੰਬਰ: ਸ-17/ 1/1437359/2026

ਮਿਤੀ, ਐਸ.ਏ.ਐਸ. ਨਗਰ/ 3-7-2026

ਵਿਸ਼ਾ: ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ.ਸਟੂਡੈਂਟਸ ਸਕੀਮ ਸਾਲ 2026-27 ਤੋਂ ਐਨ.ਐਸ.ਪੀ. ਪੋਰਟਲ ਰਾਹੀ ਲਾਗੂ ਕਰਨ ਸਬੰਧੀ ਜਾਗਰੂਕ ਕਰਨ ਸਬੰਧੀ ।

ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ ਸਟੂਡੈਂਟਸ ਸਕੀਮ ਸਾਲ 2026-27 ਤੋਂ National Scholarship Portal (NSP) ਪੋਰਟਲ ਰਾਹੀ ਲਾਗੂ ਕੀਤੀ ਜਾ ਰਹੀ ਹੈ (ਕਾਪੀ ਨੱਥੀ)। ਇਸ ਸਕੀਮ ਤਹਿਤ ਸਾਲ 2026-27 ਦੇ ਵਿਦਿਆਰਥੀਆ ਵੱਲੋ ਅਪਲਾਈ ਕਰਨ ਲਈ ਪੋਰਟਲ 01.07.2026 ਤੋਂ ਖੋਲਿਆ ਗਿਆ ਹੈ । ਵਿਦਿਆਰਥੀਆਂ, ਸੰਸਥਾਵਾ ਅਤੇ ਡੀ.ਐਨ.ਓ. ਤੋਂ ਵੈਰੀਫਾਈ ਕਰਨ ਸਬੰਧੀ ਹੇਠ ਲਿਖੇ ਅਨੁਸਾਰ ਸ਼ਡਿਊਲ ਦਿੱਤਾ ਗਿਆ ਹੈ:

| ACTIVITY SCHEDULE 2026-27 | |
|---|---|
| Scheme open from | 01.07.2026 |
| Students application open till | 15.11.2026 |
| Defective application verification open till | 30.11.2026 |
| Institutes verification open till | 30.11.2026 |
| DNO/SNO/MNO verification open till | 15.12.2026 |

ਉਕਤ ਤੋ ਇਲਾਵਾ ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ. ਸਟੂਡੈਂਟਸ ਸਕੀਮ ਤਹਿਤ ਭਾਰਤ ਸਰਕਾਰ ਵੱਲੋ ਆਪਣੇ ਪੱਤਰ ਮਿਤੀ 12.06.2026 (ਕਾਪੀ ਨੱਥੀ) ਰਾਹੀ ਇਸ ਸਕੀਮ ਨੂੰ ਮਿਤੀ 30.09.2026 ਤੱਕ ਜਾਂ ਇਸ ਸਕੀਮ ਦੀਆਂ ਸੋਧਾ ਪ੍ਰਵਾਨ ਹੋਣ ਤੱਕ, ਜੋ ਵੀ ਪਹਿਲਾਂ ਹੋਵੇ, ਤੱਕ ਪਹਿਲਾਂ ਜਾਰੀ ਹਦਾਇਤਾਂ ਅਨੁਸਾਰ ਜਾਰੀ ਰੱਖਣ ਵਿੱਚ ਵਾਧਾ ਕੀਤਾ ਗਿਆ ਹੈ। ਉਨ੍ਹਾਂ ਵੱਲੋਂ ਜਾਰੀ ਪੱਤਰ ਮਿਤੀ 18.05.2026 (ਕਾਪੀ ਨੱਥੀ) ਰਾਹੀ ਸਕਾਲਰਸ਼ਿਪ ਸਕੀਮਾਂ ਵਿੱਚ ਡੀ-ਡੁਪਲੀਕੇਸ਼ਨ ਸਬੰਧੀ ਵੱਖ-ਵੱਖ ਸਕੀਮਾਂ ਦਾ ਵਰਗੀਕਰਨ ਸਬੰਧੀ ਅਤੇ ਪੱਤਰ ਮਿਤੀ 21.05.2026 (ਕਾਪੀ ਨੱਥੀ) ਰਾਹੀਂ ਸਕਾਲਰਸ਼ਿਪ ਸਕੀਮਾਂ ਵਿੱਚ ਸੈਂਟਰਲ ਸੈਕਟਰ ਅਤੇ ਸੈਂਟਰਲੀ ਸਪਾਂਸਰਡ ਸਕੀਮਾਂ ਵਿੱਚ ਡੋਮੋਸਾਈਲ ਸਰਟੀਫਿਕੇਟ ਵਿੱਚ ਛੋਟ ਦੇਣ ਸਬੰਧੀ ਵੀ ਪੱਤਰ ਜਾਰੀ ਕੀਤਾ ਗਿਆ ਹੈ।

ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ.ਸਟੂਡੈਂਟਸ ਸਕੀਮ ਤਹਿਤ ਭਾਰਤ ਸਰਕਾਰ ਵੱਲੋ ਉਕਤ ਅਨੁਸਾਰ ਜਾਰੀ ਪੱਤਰ ਦੀਆਂ ਕਾਪੀਆਂ ਈ-ਮੇਲ ਰਾਹੀਂ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਦੇ ਵਿਭਾਗ ਅਧੀਨ ਆਉਂਦੀਆਂ ਸਮੂਹ ਸੰਸਥਾਵਾਂ ਵਿੱਚ ਭਾਰਤ ਸਰਕਾਰ ਵੱਲੋਂ ਸਮੇਂ-ਸਮੇਂ ਤੇ ਜਾਰੀ ਹਦਾਇਤਾਂ ਦੀ ਪਾਲਣਾ ਯਕੀਨੀ ਬਣਾਈ ਜਾਵੇ ਜੀ ਅਤੇ ਵਿਦਿਆਰਥੀਆਂ ਨੂੰ ਸਕੀਮ ਤਹਿਤ ਅਪਲਾਈ ਕਰਵਾਉਣ ਲਈ ਜਾਗਰੂਕ ਅਤੇ ਉਤਸ਼ਾਹਿਤ ਕਰਨ ਲਈ ਯੋਗ ਉਪਰਾਲੇ ਕਰਵਾਏ ਜਾਣ ਤਾਂ ਜੋ ਕੋਈ ਵੀ ਯੋਗ ਵਿਦਿਆਰਥੀ ਇਸ ਸਕੀਮ ਦਾ ਲਾਭ ਲੈਣ ਤੋਂ ਵਾਂਝਾ ਨਾ ਰਹਿ ਸਕੇ ਜੀ।

ਨੱਥੀ: ਉਕਤ ਅਨੁਸਾਰ (ਈ-ਮੇਲ ਰਾਹੀਂ)

ਨੋਡਲ ਅਫਸਰ (ਪੀ. ਐਮ. ਐਸ.)

ਮੁੱਖ ਦਫਤਰ, ਐਸ.ਏ.ਐਸ.ਨਗਰ ।

ਪਿ: ਅੰਕ: ਨੰ:ਸ-17/

ਮਿਤੀ, ਐਸ.ਏ.ਐਸ. ਨਗਰ:

ਉਤਾਰਾ - ਹੇਠ ਲਿਖੇ ਅਨੁਸਾਰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਜੀ:-

1. ਪੀ.ਏ. ਟੂ ਮਾਨਯੋਗ ਡਾਇਰੈਕਟਰ, ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ, ਪੰਜਾਬ, ਐਸ.ਏ.ਐਸ.ਨਗਰ;
2. ਸਮੂਹ ਸੰਸਥਾਵਾਂ ਪੰਜਾਬ ਰਾਜ ਨੂੰ ਸਬੰਧਤ ਲਾਗੂ ਕਰਤਾ ਵਿਭਾਗਾਂ ਰਾਹੀਂ।